ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
ਐਸ.ਸੀ.ਓ.ਨੰ: 104-106, ਦੂਜੀ ਮੰਜ਼ਿਲ, ਸੈਕਟਰ-34 ਏ,ਚੰਡੀਗੜ੍ਹ

ਵੱਲ

1.ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) (ਵੈਬ ਸਾਈਟ ਰਾਹੀਂ)
2.ਸਮੂਹ ਸਕੂਲ ਮੁੱਖੀ (ਵੈਬ ਸਾਈਟ ਰਾਹੀਂ)

ਮੀਮੋ ਨੰ: ਏ.ਐਸ.ਪੀ.ਡੀ/ਮੈਥ/2010/76504-76522
ਮਿਤੀ,ਚੰਡੀਗੜ੍ਹ: 21-12-2010

ਵਿਸ਼ਾ: ਸਾਇੰਸ ਭੱਤਾ ਦੇਣ ਸਬੰਧੀ ।

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਪੰਜਾਬ ਰਾਜ ਦੇ ਵੱਖ ਵੱਖ ਸਰਕਾਰੀ ਸਕੂਲਾਂ ਦਾ ਸਮੇਂ ਸਮੇਂ ਤੇ ਕੀਤੇ ਗਏ ਨਿਰੀਖਣਾਂ ਦੇ ਦੌਰਾਨ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਆਮ ਤੌਰ ਤੇ ਸਾਇੰਸ ਮਾਸਟਰ ਦੁਆਰਾ 6 ਤੋਂ 10 ਵੀਂ ਕਲਾਸ ਦੇ ਵਿਦਿਆਰਥੀਆਂ ਦਾ ਕੋਈ ਪ੍ਰੈਕਟੀਕਲ ਨਹੀਂ ਕਰਵਾਇਆ ਜਾਂਦਾ, ਜਦੋਂ ਕਿ ਇਹਨਾਂ ਸਾਇੰਸ ਅਧਿਆਪਕਾਂ ਦੁਆਰਾ ਸਰਕਾਰ ਤੋਂ ਹਰ ਮਹੀਨੇ 400 ਰੁਪਏ ਪ੍ਰਤੀ ਮਹੀਨਾ ਸਾਇੰਸ ਭੱਤਾ ਲਿਆ ਜਾਂਦਾ ਹੈ । ਸਬੰਧਤ ਡੀ.ਡੀ.ਓ ਜਾਂ ਸਕੂਲ ਮੁੱਖੀ ਇਹਨਾਂ ਅਧਿਆਪਕਾਂ ਦੀ ਬਿਨਾਂ ਕੋਈ ਵੈਰੀਫਿਕੇਸਨ ਕੀਤੇ ਹੀ 400 ਰੁਪਏ ਹਰ ਮਹੀਨੇ ਭੱਤਾ ਤਨਖਾਹ ਦੇ ਨਾਲ ਹੀ ਦੇ ਰਹੇ ਹਨ ।

2.0 ਇਸ ਸਬੰਧ ਵਿੱਚ ਸਮੂਹ ਸਕੂਲ ਮੁੱਖੀਆਂ/ਡੀ.ਡੀ.ਓਜ਼ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਆਪਣੇ ਸਕੂਲਾਂ ਵਿੱਚ ਇਹ ਸੁਨਿਸਿਚਤ ਕਰਨ ਕਿ ਸਬੰਧਤ ਸਾਇੰਸ ਅਧਿਆਪਕ ਵਲੋਂ ਲੋੜੀਂਦਾ ਪ੍ਰੈਕਟੀਕਲ ਕਰਵਾਇਆ ਜਾ ਰਿਹਾ ਹੈ ਅਤੇ ਜਿਥੇ ਕਿਤੇ ਪ੍ਰੈਕਟੀਕਲ ਨਹੀਂ ਕਰਵਾਇਆ ਜਾਂਦਾ ਤਾਂ ਸਾਇੰਸ ਅਧਿਆਪਕ ਨੂੰ ਮਿਲਣ ਵਾਲੇ ਪ੍ਰੈਕਟੀਕਲ ਕਰਵਾਉਣ ਦਾ ਭੱਤੇ ਦਾ ਬਿਲ ਨਾ ਬਣਾਇਆ ਜਾਵੇ । ਜੇਕਰ ਬਿਨਾਂ ਪ੍ਰੈਕਟੀਕਲ ਕਰਵਾਏ ਕਿਸੇ ਅਧਿਆਪਕ ਨੂੰ ਭੱਤਾ ਦਿੱਤਾ ਜਾਂਦਾ ਹੈ ਤਾਂ ਇਸ ਦੀ ਪੂਰੀ ਜਿੰਮੇਵਾਰੀ ਸਬੰਧਤ ਡੀ.ਡੀ.ਓ/ਸਕੂਲ ਮੁੱਖੀ ਦੀ ਹੋਵੇਗੀ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ